## ਕੀ ਮੈਨੂੰ ਹਮੇਸ਼ਾ ਹੀ ਵੱਖ ਰੱਖਿਆ ਜਾਵੇਗਾ?

ਜਦੋਂ ਘੜੀ-ਮੁੜੀ ਦੇ ਤੂੰਬਿਆਂ ਦੇ ਨਮੂਨਿਆਂ ਤੋਂ ਪਤਾ ਚੱਲਦਾ ਹੈ ਕਿ ਹੁਣ MRSA ਨਹੀਂ ਹੈ, ਤੁਹਾਨੂੰ ਵਾਪਸ ਵਾਰਡ ਵਿਚ ਜਾਣ ਦਿੱਤਾ ਜਾਵੇਗਾ, ਲੇਕਿਨ ਇਹ ਇਸ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦੇ ਵਾਰਡ ਵਿਚ ਹੋ। ਇਹੋ ਜਿਹੇ ਵਾਰਡ ਹਨ ਜਿੱਥੇ ਰੋਗੀਆਂ ਨੂੰ MRSA ਲੱਗਣ ਨਾਲ ਬਹੁਤ ਹੀ ਤੀਬਰ ਲਾਗ ਲੱਗਣ ਦੇ ਜੋਖਮ ਹੋ ਸਕਦੇ ਹਨ।

## ਕਿ ਇਹ ਮੇਰੇ ਰਿਸ਼ਤੇਦਾਰਾਂ ਨੂੰ ਨੁਕਸਾਨ ਕਰੇਗਾ?

ਨਹੀਂ। MRSA ਬੱਚਿਆਂ ਸਮੇਤ ਸਿਹਤਮੰਦ ਲੋਕਾਂ ਲਈ ਕੋਈ ਸਮੱਸਿਆ ਨਹੀਂ ਹੈ, ਪਰ ਅਸੀਂ ਇਹ ਸਿਫ਼ਾਰਸ਼ ਨਹੀਂ ਕਰਦੇ ਕਿ ਛੋਟੇ ਕੁੱਛੜ ਦੇ ਬੱਚੇ ਹਸਪਤਾਲ ਵਿਚ ਤੁਹਾਡੇ ਮੁਲਾਕਾਤੀਆਂ ਦੇ ਨਾਲ ਆਉਣ। ਆਪਣੇ ਮੁਲਾਕਾਤੀਆਂ ਨਾਲ ਸਿੱਧੇ ਸੰਪਰਕ ਕਰਨ, ਜਿਵੇਂ ਕਿ ਹੱਥ ਫੜਨ, ਚੁੰਮਣ ਜਾਂ ਗਲੇ ਲੱਗਣ ਵਿਚ ਕੋਈ ਇਤਰਾਜ਼ ਨਹੀਂ ਹੈ।

ਜੇਕਰ ਨੇੜੇ ਭਵਿੱਖ ਵਿਚ ਤੁਹਾਡੇ ਜਿਹੜੇ ਰਿਸ਼ਤੇਦਾਰ ਜਾਂ ਮਿੱਤਰ ਹਸਪਤਾਲ ਵਿਚ ਆ ਰਹੇ ਹਨ ਜਾਂ ਤੁਹਾਡੇ ਪਰਵਾਰ ਦੇ ਕੋਈ ਮੈਂਬਰ ਹਨ ਜਿਨ੍ਹਾਂ ਦੀਆਂ ਕੋਈ ਖਾਸ ਸਮੱਸਿਆਵਾਂ ਹਨ ਅਤੇ ਤੁਸੀਂ ਉਹਨਾਂ ਦੇ ਬਾਰੇ ਫ਼ਿਕਰਮੰਦ ਹੋ ਤਾਂ ਇਨਫ਼ੈੱਕਸ਼ਨ ਕੰਟ੍ਰੋਲ ਨਰਸ ਨਾਲ ਗੱਲ ਕਰਨ ਲਈ ਮੰਗ ਕਰੋ।

## ਜਦੋਂ ਮੈਂ ਹਸਪਤਾਲ ਛੱਡ ਕੇ ਜਾਂਦਾ ਹਾਂ ਤਾਂ ਕੀ ਮੈਂ ਇਸ ਦੇ ਬਾਰੇ ਸਭ ਕੁਝ ਭੁੱਲ ਸਕਦਾ ਹਾਂ?

ਜਦੋਂ ਤੁਸੀਂ ਘਰ ਜਾਂਦੇ ਹੋ ਤਾਂ ਆਪਣਾ ਜੀਵਨ ਸਧਾਰਨ ਦੀ ਤਰ੍ਹਾਂ ਬਿਤਾ ਸਕਦੇ ਹੋ। ਕੋਈ ਖ਼ਾਸ ਸਾਵਧਾਨੀ ਵਰਤਣ ਦੀ ਲੋੜ ਨਹੀਂ ਹੈ, ਪਰ ਤੁਹਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਆਪਣੇ ਹੱਥ ਧਿਆਨ ਨਾਲ ਧੋਣਾ ਜਾਰੀ ਰੱਖਦੇ ਹੋ।

ਜੇਕਰ ਤੁਸੀਂ ਵਾਪਸ ਹਸਪਤਾਲ ਆਉਂਦੇ ਹੋ ਤਾਂ ਕਿਰਪਾ ਕਰੇ ਮੈਡੀਕਲ ਅਤੇ ਨਰਸਿੰਗ ਸਟਾਫ਼ ਨੂੰ ਦੱਸੋ ਕਿ ਤੁਹਾਨੂੰ ਪਹਿਲਾਂ MRSA ਮੌਜੂਦ ਰਿਹਾ ਹੈ। ਇਹ ਜ਼ਰੂਰੀ ਹੈ ਕਿਉਂਕਿ ਇਹ ਸੁਨਿਸ਼ਚਿਤ ਕਰੇਗਾ ਕਿ ਤੁਹਾਨੂੰ ਸਿੱਧੇ ਹੀ ਠੀਕ ਇਲਾਜ ਮਿਲਦਾ ਹੈ। ਮੁਮਕਨ ਹੈ ਕਿ ਤੁਹਾਨੂੰ ਵੱਖ ਰੱਖਿਆ ਜਾਵੇ ਅਤੇ ਇਹ ਵੇਖਣ ਲਈ ਕਿ ਕੀ ਹੁਣ ਵੀ MRSA ਮੌਜੂਦ ਹੈ ਕਿ ਨਹੀਂ, ਤੂੰਬਿਆਂ ਰਾਹੀਂ ਨਮੂਨੇ ਚੁੱਕੇ ਜਾਣਗੇ।

ਵਾਰਡ ਸਟਾਫ਼ ਤੁਹਾਡੀ ਡਿਸਟ੍ਰਿਕਟ ਨਰਸ/ਪ੍ਰੈੱਕਟਿਸ ਨਰਸ ਨੂੰ ਤੁਹਾਡੇ ਘਰ ਜਾਣ ਤੋਂ ਪਹਿਲਾਂ ਸੂਚਿਤ ਕਰੇਗਾ, ਲੇਕਿਨ ਇਹ ਜ਼ਰੂਰੀ ਹੈ ਕਿ ਤੁਸੀਂ ਆਪ ਉਹਨਾਂ ਨੂੰ ਯਾਦ ਨਾਲ ਦੱਸ ਦਿਓ।

## ਕੀ ਮੈਨੂੰ MRSA ਹਮੇਸ਼ਾ ਹੀ ਰਹੇਗਾ?

ਕੁਝ ਲੋਕ ਬਹੁਤ ਛੇਤੀ MRSA ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ, ਦੂਜਿਆਂ ਨੂੰ ਕੁਝ ਵੱਧ ਸਮਾ ਲੱਗਦਾ ਹੈ। ਭਾਵੇਂ ਤੁਹਾਡੇ ਤੂੰਬਿਆਂ ਦੇ ਨਮੂਨੇ ਦੱਸਣ ਕਿ ਨਹੀਂ ਹੈ, MRSA ਫਿਰ ਵੀ ਓਥੇ ਮੌਜੂਦ ਹੋ ਸਕਦਾ ਹੈ ਕਿਉਂਕਿ ਇਸ ਦੀ ਗਿਣਤੀ ਏਨੀ ਥੋੜ੍ਹੀ ਹੋ ਸਕਦੀ ਹੈ ਕਿ ਪਛਾਣ ਵਿਚ ਹੀ ਨਾ ਆਵੇ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਜਦੋਂ ਤਕ ਤੁਹਾਨੂੰ ਕੋਈ ਸਮੱਸਿਆ ਨਹੀਂ ਹੈ ਜਾਂ ਤੁਹਾਡੀ ਤਬੀਅਤ ਠੀਕ ਰਹਿੰਦੀ ਹੈ ਜਾਂ ਤੁਹਾਨੂੰ ਹਸਪਤਾਲ ਆਉਣ ਦੀ ਲੋੜ ਨਹੀਂ ਹੈ, MRSA ਕੋਈ ਸਮੱਸਿਆ ਨਹੀਂ ਹੈ।

## ਜੇਕਰ ਮੈਨੂੰ ਵਧੇਰੇ ਜਾਣਕਾਰੀ ਲੋੜੀਂਦੀ ਹੈ ਤਾਂ ਮੈਂ ਕਿਸ ਨਾਲ ਗੱਲ ਕਰ ਸਕਦਾ ਹਾਂ?

ਜੇਕਰ ਵਾਰਡ ਦੀ ਨਰਸ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਨਹੀਂ ਦੇ ਸਕਦੀ ਹੈ ਤਾਂ ਤੁਸੀਂ ਉਸ ਨੂੰ ਇਨਫ਼ੈੱਕਸ਼ਨ ਕੰਟ੍ਰੋਲ ਨਰਸ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ ਜੋ ਤੁਹਾਨੂੰ MRSA ਦੇ ਬਾਰੇ ਵਧੇਰੇ ਜਾਣਕਾਰੀ ਦੇ ਸਕੇਗੀ।

## ਜਾਣਕਾਰੀ ਦੇ ਦੂਜੇ ਸਾਧਨ:

1. The Association of Medical Microbiologists (ਐਸੋਸੀਏਸ਼ਨ ਆਫ਼ ਮੈਡੀਕਲ ਮਾਈਕ੍ਰੋਬਾਓਲੋਜਿਸਟਸ) ਨੇ ਇਕ ਲੀਫ਼ਲੈੱਟ 'The facts about MRSA' ਤਿਆਰ ਕੀਤਾ ਹੈ। ਤੁਸੀਂ ਇਸ ਦੀ ਕਾਪੀ ਉਹਨਾਂ ਦੀ ਵੈਬ-ਸਾਈਟ ਤੋਂ ਪ੍ਰਾਪਤ ਕਰ ਸਕਦੇ ਹੋ।

2. The Centres for Disease Control (ਸੈਂਟਰਜ਼ ਫ਼ਾਰ ਡਿਜ਼ੀਜ਼ ਕੰਟ੍ਰੋਲ), Atlanta, Georgia ਕੋਲ ਰੋਗੀਆਂ ਲਈ MRSA ਦੇ ਬਾਰੇ ਜਾਣਕਾਰੀ ਉਹਨਾਂ ਦੀ ਵੈਬ-ਸਾਈਟ 'ਤੇ ਹੈ।

3. Health Protection Agency (ਹੈਲਥ ਪ੍ਰੋਟੈੱਕਸ਼ਨ ਏਜੰਸੀ) ਦੀ ਵੈਬ-ਸਾਈਟ ਦੇ Infectious Disease (ਲ਼ਾਗ ਦੀਆਂ ਬਿਮਾਰੀਆਂ) ਸੈਕਸ਼ਨ 'ਤੇ ਇੰਗਲੈਂਡ ਅਤੇ ਵੇਲਜ਼ ਵਿਚ MRSA ਦੀ ਲਾਗ ਦੇ ਅੰਕੜੇ ਉਪਲਬਧ ਹਨ।

NHS
Greater Glasgow and Clyde

# MRSA

ਰੋਗੀਆਂ ਅਤੇ ਰਿਸ਼ਤੇਦਾਰਾਂ ਲਈ ਜਾਣਕਾਰੀ ਲੀਫ਼ਲੈੱਟ

## MRSA ਤੋਂ ਕੀ ਭਾਵ ਹੈ?

ਮੈਥਿੱਸਲੀਨ ਰੋਧਕ *ਸਟੈਫ਼ਿਲੋਕੋਕਸ ਔਰੀਅਸ*

## MRSA ਕੀ ਹੈ?

*ਸਟੈਫ਼ਿਲੋਕੋਕਸ ਔਰੀਅਸ* ਇਕ ਜਰਮ ਹੈ ਜੋ ਆਮ ਤੌਰ ਤੇ ਹਸਪਤਾਲਾਂ ਅਤੇ ਕਮਿਊਨਿਟੀ ਵਿਚ ਮਿਲਦਾ ਹੈ। MRSA *ਸਟੈਫ਼ਿਲੋਕੋਕਸ ਔਰੀਅਸ* ਦੀ ਇਕ ਕਿਸਮ ਹੈ ਜਿਹੜੀ ਲਾਗ ਦੇ ਇਲਾਜ ਵਿਚ ਵਰਤੇ ਜਾਂਦੇ ਕੁਝ ਐਂਟੀਬਾਓਟਿਕਾਂ ਦੇ ਅਸਰ ਤੋਂ ਰੋਧਕ ਹੁੰਦੀ ਹੈ।

## ਇਹ ਮੈਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ?

ਸਾਰੇ ਜਰਮਾਂ ਦੀ ਤਰ੍ਹਾਂ, MRSA ਕਈ ਵਾਰ ਲਾਗ ਦਾ ਕਾਰਨ ਬਣ ਸਕਦਾ ਹੈ। ਵਧੇਰੇ ਸਮੇ ਤਾਂ ਉਹ ਦੂਜੇ ਜਰਮਾਂ ਦੀ ਤਰ੍ਹਾਂ ਚਮੜੀ 'ਤੇ ਜਾਂ ਨੱਕ ਵਿਚ ਰਹਿੰਦਾ ਹੈ ਅਤੇ ਕੋਈ ਨੁਕਸਾਨ ਨਹੀਂ ਕਰਦਾ। ਕੋਈ ਲੱਛਣ ਜਾਂ ਨਿਸ਼ਾਨ ਨਹੀਂ ਹੁੰਦੇ ਜਿਨ੍ਹਾਂ ਤੋਂ ਪਤਾ ਲੱਗੇ ਕਿ ਇਹ ਮੌਜੂਦ ਹੈ। ਇਸ ਨੂੰ ਵੱਸੋਂ ਕਹਿੰਦੇ ਹਨ।

ਘੱਟ ਗਿਣਤੀ ਵਿਚ ਰੋਗੀਆਂ ਲਈ MRSA ਲਾਗ ਦਾ ਕਾਰਨ ਬਣਦਾ ਹੈ ਅਤੇ ਫਿਰ ਇਸ ਦੇ ਲੱਛਣ ਅਤੇ ਨਿਸ਼ਾਨ ਮੌਜੂਦ ਹੁੰਦੇ ਹਨ। ਇਹ ਵਿਅਕਤੀ ਤੋਂ ਵਿਅਕਤੀ ਵਿਚ ਵੱਖ ਵੱਖ ਹੋ ਸਕਦੇ ਹਨ।
ਜ਼ਖ਼ਮਾਂ ਦੀ ਲਾਗ ਦੇ ਸਭ ਤੋਂ ਆਮ ਲੱਛਣ ਲਾਲੀ, ਗਰਮੀ, ਸੋਜ ਅਤੇ ਦਰਦ ਹਨ। ਜ਼ਖ਼ਮਾਂ ਤੋਂ ਰਿਸਾਅ ਵੀ ਹੋ ਸਕਦਾ ਹੈ।
ਛਾਤੀ ਵਿਚ ਲਾਗ ਦੇ ਲੱਛਣ ਥੁੱਕ ਵਾਲੀ ਖੰਘ ਅਤੇ ਸਾਹ ਚੜ੍ਹਨਾ ਹਨ।
ਪਿਸ਼ਾਬ ਪ੍ਰਣਾਲੀ ਵਿਚ ਲਾਗ ਦੇ ਲੱਛਣ ਹਨ ਛੇਤੀ ਛੇਤੀ ਪਿਸ਼ਾਬ ਆਉਣਾ ਅਤੇ ਤਕਲੀਫ਼ ਹੋ ਸਕਦੀ ਹੈ। ਪਿਸ਼ਾਬ ਧੁੰਦਲਾ ਅਤੇ ਭੈੜੀ ਬੋ ਵਾਲਾ ਵੀ ਹੋ ਸਕਦਾ ਹੈ।
ਲਾਗ ਦੇ ਦੂਜੇ ਲੱਛਣ ਵੱਧ ਤਾਪਮਾਨ, ਥਕਾਵਟ ਅਤੇ ਆਮ ਤੌਰ ਤੇ ਤਬੀਅਤ ਠੀਕ ਨਾ ਹੋਣਾ ਮਹਿਸੂਸ ਕਰਨਾ ਹਨ।
ਇਹਨਾਂ ਮਾਮਲਿਆਂ ਵਿਚ ਖ਼ਾਸ ਐਂਟੀਬਾਓਟਿਕਾਂ ਦੀ ਲੋੜ ਪੈਂਦੀ ਹੈ ਕਿਉਂਕਿ ਜਰਮ ਆਮ ਨਾਲੋਂ ਵੱਧ ਰੋਧਕ ਹੁੰਦਾ ਹੈ। MRSA ਦੀ ਲਾਗ ਦਾ ਇਲਾਜ ਆਮ ਤੌਰ ਤੇ ਇਹਨਾਂ ਐਂਟੀਬਾਓਟਿਕਾਂ ਰਾਹੀਂ ਕੀਤਾ ਜਾਂਦਾ ਹੈ।

## ਮੈਨੂੰ MRSA ਕਿਵੇਂ ਲੱਗਿਆ ਸੀ?

MRSA ਯੂਕੇ ਦੇ ਵਧੇਰੇ ਹਸਪਤਾਲਾਂ ਵਿਚ ਬਹੁਤ ਹੀ ਆਮ ਜਰਮ ਹੋ ਗਿਆ ਹੈ। ਅਸੀਂ ਇਸ ਦੇ ਫੈਲਾਅ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕਰਦੇ ਹਾਂ ਲੇਕਿਨ ਮੰਦਭਾਗੀ ਗੱਲ ਅਸੀਂ ਇਸ ਦੇ ਫੈਲਾਅ ਨੂੰ ਰੋਕ ਨਹੀਂ ਸਕਦੇ ਹਾਂ।

ਕੁਝ ਲੋਕ MRSA ਤੋਂ ਵੱਧ ਪ੍ਰਭਾਵਿਤ ਹੁੰਦੇ ਹਨ ਜਿਵੇਂ ਕਿ ਜਿਨ੍ਹਾਂ ਨੂੰ ਤੀਬਰ ਜਾਂ ਲੰਮੇ ਸਮੇ ਤੋਂ ਬਿਮਾਰੀ ਹੈ, ਜਿਨ੍ਹਾਂ ਦਾ ਉਪਰੇਸ਼ਨ ਹੋਇਆ ਹੈ, ਜਿਨ੍ਹਾਂ ਨੂੰ ਡ੍ਰਿੱਪ ਜਾਂ ਡ੍ਰੇਨ ਲੱਗੀ ਹੋਈ ਹੈ ਜਾਂ ਜਿਹੜੇ ਲੰਮੇ ਸਮੇ ਤੋਂ ਹਸਪਤਾਲ ਵਿਚ ਹਨ। ਕੁਝ ਦਵਾਈਆਂ, ਜਿਵੇਂ ਕਿ ਸਟੀਰਾਇਡ ਅਤੇ ਐਂਟੀਬਾਓਟਿਕ ਵੀ MRSA ਦਾ ਜੋਖਮ ਵਧਾ ਸਕਦੀਆਂ ਹਣ।

MRSA ਸਭ ਤੋਂ ਆਮ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਨੂੰ ਸਿੱਧੇ, ਆਮ ਤੌਰ ਤੇ ਹੱਥਾਂ ਦੇ ਸੰਪਰਕ ਨਾਲ ਹੁੰਦਾ ਹੈ। ਇਹ ਮਲੀਨ ਸਾਜ਼-ਸਮਾਨ ਦੇ ਰਾਹੀਂ ਵੀ ਫੈਲ ਸਕਦਾ ਹੈ। MRSA ਵਿਰਲੇ ਹੀ ਹਵਾ ਰਾਹੀਂ ਫੈਲਦਾ ਹੈ ਭਾਵੇਂ ਇਹ ਹੋ ਸਕਦਾ ਹੈ ਜਦੋਂ ਹਵਾ ਬਹੁਤ ਹੀ ਘੱਟੇ ਵਾਲੀ ਹੋਵੇ ਅਤੇ ਹਵਾ ਨੂੰ ਛੇੜਿਆ ਜਾ ਰਿਹਾ ਹੋਵੇ, ਜਿਵੇਂ ਕਿ ਬਿਸਤਰ ਬਣਾਉਣ ਵੇਲੇ, ਪੱਟੀਆਂ ਬਦਲਨ ਵੇਲੇ ਜਾਂ ਜੇਕਰ ਪੱਖਾ ਵਰਤਿਆ ਜਾ ਰਿਹਾ ਹੈ।

## ਤੁਹਾਨੂੰ ਕਿਵੇਂ ਪਤਾ ਲੱਗਿਆ ਕਿ ਮੈਨੂੰ MRSA ਦੀ ਲਾਗ ਹੈ?

ਜੇਕਰ ਤੁਹਾਨੂੰ ਕਿਸੇ ਦੂਜੇ ਹਸਪਤਾਲ ਜਾਂ ਨਰਸਿੰਗ ਹੋਮ ਤੋਂ ਬਦਿਲਾ ਗਿਆ ਹੈ ਤਾਂ ਇਹ ਵੇਖਣ ਲਈ ਕਿ ਕੀ ਤੁਸੀਂ ਸਾਡੇ ਹਸਪਤਾਲ ਵਿਚ ਦਾਖਲ ਹੋਣ ਵੇਲੇ MRSA ਲਿਆ ਰਹੇ ਹੋ, ਅਸੀਂ ਤੁਹਾਡੇ ਪਿੰਡੇ ਤੋਂ ਤੁੰਬਿਆਂ ਰਾਹੀਂ ਨਮੂਨੇ ਚੁੱਕੇ ਹੋਣਗੇ ਇਸ ਤਰ੍ਹਾਂ ਇਹ ਸੁਨਿਸ਼ਚਿਤ ਕਰਨ ਲਈ ਕੀਤਾ ਜਾਂਦਾ ਹੈ ਕਿ ਦੂਜੇ ਕਮਜ਼ੋਰ ਰੋਗੀਆਂ ਨੂੰ ਬਚਾਉਣ ਲਈ ਜਿੰਨੀ ਛੇਤੀ ਹੋ ਸਕੇ ਅਸੀਂ ਸਾਰੀਆਂ ਸਾਵਧਾਨੀਆਂ ਅਪਣਾਉਂਦੇ ਹਾਂ ਅਤੇ ਇਸ ਲਈ ਵੀ ਕਿ ਜੇਕਰ ਲੋੜ ਹੈ ਤਾਂ ਤੁਸੀਂ ਇਲਾਜ ਪ੍ਰਾਪਤ ਕਰ ਸਕੋ।

ਜੇਕਰ ਤੁਸੀਂ ਘਰ ਤੋਂ ਆ ਕੇ ਦਾਖਲ ਹੋਏ ਹੋ ਅਤੇ ਤੁਹਾਡੇ ਵਿਚ ਲਾਗ ਦੇ ਲੱਛਣ ਜਾਂ ਨਿਸ਼ਾਨ ਹਨ ਜਾਂ ਹਸਪਤਾਲ ਵਿਰ ਰਹਿੰਦੇ ਹੋਏ ਇਹਨਾਂ ਦਾ ਵਿਕਾਸ ਹੁੰਦਾ ਹੈ ਤਾਂ ਨਰਸਾਂ ਨਮੂਨਿਆਂ ਨੂੰ ਪਰੀਖਣ ਲਈ ਲਬਾਰਟਰੀ ਘੱਲਣ ਗੀਆਂ।

MRSA ਨਮੂਨਿਆਂ ਦਾ ਨਤੀਜਾ ਤਿਆਰ ਹੋਣ ਵਿਚ ਤਿੰਨ ਦਿਨ ਤਕ ਦਾ ਸਮਾ ਲੱਗ ਸਕਦਾ ਹੈ।

## ਕੀ ਇਸ ਦਾ ਇਲਾਜ ਹੋ ਸਕਦਾ ਹੈ?

ਹਾਂ ਜੀ। ਇਸ ਗੱਲ ਨੂੰ ਸਮਝ ਲੈਣਾ ਬਹੁਤ ਜ਼ਰੂਰੀ ਹੈ ਕਿ MRSA ਦੇ ਕਾਰਨ ਬਣੀ ਲਾਗ ਦਾ ਇਲਾਜ ਐਂਟੀਬਾਓਟਿਕਾਂ ਰਾਹੀਂ ਹੋ ਸਕਦਾ ਹੈ। ਵਧੇਰੇ ਮਾਮਲਿਆਂ ਵਿਚ ਜਦੋਂ MRSA ਚਮੜੀ ਜਾਂ ਨੱਕ ਵਿਚ ਮੌਜੂਦ ਮਾਤਰ ਹੋਣ ਅਤੇ ਲਾਗ ਨਹੀਂ ਬਣਾਉਂਦੇ ਹੋਣ ਤਾਂ ਐਂਟੀਬਾਓਟਿਕਾਂ ਦੀ ਲੋੜ ਨਹੀਂ ਹੁੰਦੀ ਹੈ।

## ਹੁਣ ਕੀ ਹੋਵੇਗਾ?

ਤੁਹਾਨੂੰ ਜਾਂ ਤਾਂ ਵੱਖ ਕਮਰੇ ਵਿਚ ਇਕੱਲੇ ਰੱਖਿਆ ਜਾਵੇਗਾ ਜਾਂ ਦੂਜੀ ਥਾਂ ਵਿਚ MRSA ਵਾਲੇ ਹੋਰ ਰੋਗੀਆਂ ਨਾਲ ਤੁਹਾਡੀ ਸੰਭਾਲ ਕੀਤੀ ਜਾਵੇਗੀ। ਇਹ ਇਸ ਲਈ ਹੈ ਕਿ ਜਰਮ ਲਈ ਦੂਜੇ ਕਮਜ਼ੋਰ ਰੋਗੀਆਂ ਤਕ ਫੈਲਣਾ ਅਸਾਨ ਹੁੰਦਾ ਹੈ।

ਦੂਜੇ ਰੋਗੀਆਂ ਤਕ ਫੈਲਾਅ ਨੂੰ ਰੋਕਣ ਵਿਚ ਸਾਡੀ ਮਦਦ ਕਰਨ ਲਈ ਅਸੀਂ ਅਸੀਂ ਤੁਹਾਨੂੰ ਕੁਝ ਅਸਾਨ ਜਿਹੇ ਕੰਮ ਕਰਨ ਲਈ ਕਹਾਂਗੇ। ਇਹ ਹਨ;

1. ਜਿਸ ਕਮਰੇ ਜਾਂ ਥਾਂ ਵਿਚ ਤੁਹਾਡੀ ਦੇਖ ਭਾਲ ਕੀਤੀ ਜਾਂਦੀ ਹੈ, ਉਸੇ ਵਿਚ ਹੀ ਰਹਿਣਾ

- ਜੇਕਰ ਤੁਸੀਂ ਕਮਰੇ ਜਾਂ ਥਾਂ ਤੋਂ ਬਾਹਰ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਨਰਸਿੰਗ ਸਟਾਫ਼ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।
- ਕਮਰੇ ਵਿਚੋਂ ਜਾਣ ਤੋਂ ਪਹਿਲਾਂ ਤੁਹਾਨੂੰ ਆਪਣੇ ਹੱਥ ਧਿਆਨ ਨਾਲ ਧੋਣੇ ਅਤੇ ਸੁਕਾਉਣੇ ਚਾਹੀਦੇ ਹਨ; ਜੇਕਰ ਤੁਹਾਨੂੰ ਕੋਈ ਜ਼ਖਮ ਹੈ ਤਾਂ ਪੱਟੀ ਜਾਂ ਡ੍ਰੈੱਸਿੰਗ ਸਾਫ਼, ਸੁੱਕੀ ਅਤੇ ਠੀਕ ਤਰ੍ਹਾਂ ਬੱਨ੍ਹੀ ਹੋਈ ਹੋਣੀ ਚਾਹੀਦੀ ਹੈ।
- ਤੁਹਾਨੂੰ ਦੂਜੇ ਰੋਗੀਆਂ ਨਾਲ ਮੇਲ ਮਿਲਾਪ ਜਾਂ ਸਿੱਧੇ ਸੰਪਰਕ ਨਹੀਂ ਕਰਨਾ ਚਾਹੀਦਾ ਹੈ।
- ਤੁਸੀਂ ਵਾਰਡ ਤੋਂ ਬਾਹਰ ਓਨਾ ਸਮਾ ਹੀ ਰਹੋਗੇ ਜਿਸ ਦੇ ਲਈ ਤੁਸੀਂ ਵਾਰਡ ਸਟਾਫ਼ ਨਾਲ ਵਿਚਾਰ-ਵਟਾਂਦਰਾ ਕੀਤਾ ਸੀ।

2. ਤੁਹਾਨੂੰ ਆਪਣਾ ਨੱਕ ਇਕ ਖ਼ਾਸ ਸਾਬਣ ਨਾਲ ਧੋਣ ਅਤੇ ਉਸ 'ਤੇ ਕ੍ਰੀਮ ਲਗਾਉਣ ਲਈ ਆਖਿਆ ਜਾ ਸਕਦਾ ਹੈ। ਜੇਕਰ ਤੁਸੀਂ ਆਪ ਨਹੀਂ ਕਰ ਸਕਦੇ ਹੋ ਤਾਂ ਨਰਸ ਤੁਹਾਡੀ ਮਦਦ ਕਰੇਗੀ। ਇਹ ਤੁਹਾਡੇ ਸਰੀਰ ਵਿਚ MRSA ਦੀ ਹੋਂਦ ਨੂੰ ਘਟਾਉਣ ਲਈ ਹੈ।

3. ਜੇਕਰ ਤੁਹਾਨੂੰ ਤਬੀਅਤ ਠੀਕ ਨਹੀਂ ਲੱਗਦੀ ਜਾਂ ਤੁਹਾਡੀ ਹਾਲਤ ਵਿਚ ਕੋਈ ਤਬਦੀਲੀ ਆਉਂਦੀ ਹੈ ਤਾਂ ਜਿੰਨੀ ਛੇਤੀ ਹੋ ਸਕੇ ਨਰਸ ਜਾਂ ਡਾਕਟਰ ਨੂੰ ਦੱਸੋ।

4. ਕਿਰਪਾ ਕਰੇ ਆਪਣੇ ਮੁਲਾਕਾਤੀਆਂ ਨੂੰ ਕਮਰਾ ਛੱਡਣ ਤੋਂ ਪਹਿਲਾਂ ਚੰਗੀ ਤਰ੍ਹਾਂ ਹੱਥ ਧੋਣ ਲਈ ਕਹੋ।

ਤੁਹਾਡੇ ਡਾਕਟਰ ਫ਼ੈਸਲਾ ਕਰ ਸਕਦੇ ਹਨ ਕਿ ਤੁਹਾਨੂੰ ਐਂਟੀਬਾਓਟਿਕਾਂ ਦੀ ਲੋੜ ਹੈ। ਇਹ ਆਮ ਤੌਰ ਤੇ ਡ੍ਰਿੱਪ ਰਾਹੀਂ ਦਿੱਤੇ ਜਾਂਦੇ ਹਨ ਲੇਕਿਨ ਗੋਲੀ ਰਾਹੀਂ ਵੀ ਦਿੱਤੇ ਜਾ ਸਕਦੇ ਹਨ। ਜੇਕਰ ਇਸ ਤਰ੍ਹਾਂ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਉਹਨਾਂ ਨੂੰ ਹਿਦਾਇਤ ਦੇ ਮੁਤਾਬਕ ਲਵੋ।

ਨਰਸ ਤੁਹਾਡੇ ਤੋਂ ਨੇਮ ਨਾਲ ਵੇਲੇ ਵੇਲੇ ਮਗਰੋਂ ਤੁੰਬਿਆਂ ਰਾਹੀਂ ਨਮੂਨੇ ਚੁੱਕਦੀ ਰਹੇਗੀ। ਇਹ ਨਮੂਨੇ ਆਮ ਤੌਰ ਤੇ ਤੁਹਾਡੇ ਨੱਕ, ਗਲੇ, ਚੱਡੇ ਅਤੇ ਹੋਰ ਕਿਸੇ ਥਾਂ ਤੋਂ ਲਏ ਜਾ ਸਕਦੇ ਹਨ ਜਿੱਥੋਂ ਜਰਮ ਦੇ ਹੋਣ ਦੇ ਸਬੂਤ ਮਿਲੇ ਸਨ ਲੇਕਿਨ ਦੂਜੀਆਂ ਥਾਂਵਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਵੇਖਣ ਲਈ ਹੈ ਕਿ ਕੀ ਤੁਹਾਡੇ ਤੋਂ ਅਜੇ ਵੀ MRSA ਦੀ ਪਛਾਣ ਹੁੰਦੀ ਹੈ।

ਜਦੋਂ ਤੁਸੀਂ ਘਰ ਜਾਣ ਯੋਗ ਹੋ ਜਾਂਦੇ ਹੋ ਤਾਂ MRSA ਦੀ ਵਜ੍ਹਾ ਤੇ ਤੁਹਾਨੂੰ ਰੋਕਿਆ ਨਹੀਂ ਜਾਵੇਗਾ।